Ministry of Labour

# ਵਿਦੇਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਾਨੂੰਨ, 2009 (Employment Protection for Foreign Nationals Act, 2009) ਦੇ ਤਹਿਤ ਤੁਹਾਡੇ ਹੱਕ

**ਬੇਦਾਅਵਾ:** ਇਸ ਵਸੀਲੇ ਨੂੰ *ਵਿਦੇਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਾਨੂੰਨ, 2009* (Employment Protection for Foreign Nationals Act, 2009) (EPFNA) ਅਤੇ ਵਿਨਿਯਮਾਂ ਦੇ ਤਹਿਤ ਸਥਾਪਤ ਕੁਝ ਨਿਊਨਤਮ ਹੱਕਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ ਵਿੱਚ ਕਰਮਚਾਰੀਆਂ ਅਤੇ ਰੁਜ਼ਗਾਰਦਾਤਿਆਂ ਦੀ ਮਦਦ ਦੇ ਲਈ ਬਣਾਇਆ ਗਿਆ ਹੈ। ਇਹ ਕਾਨੂੰਨੀ ਸਲਾਹ ਨਹੀਂ ਹੈ। ਇਸਦਾ ਉਦੇਸ਼ EPFNA ਜਾਂ ਵਿਨਿਯਮਾਂ ਦੀ ਥਾਂ ਲੈਣਾ ਨਹੀਂ ਹੈ ਅਤੇ ਹਮੇਸ਼ਾ ਕਾਨੂੰਨ ਦੇ ਸਰਕਾਰੀ ਸੰਸਕਰਨ ਨੂੰ ਦੇਖਣਾ ਜ਼ਰੂਰੀ ਹੁੰਦਾ ਹੈ। ਹਾਲਾਂਕਿ ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਇਸ ਵਸੀਲੇ ਵਿੱਚ ਜਾਣਕਾਰੀ ਨਵੀਨਤਮ ਅਤੇ ਬਿਲਕੁਲ ਸਹੀ ਹੋਵੇ, ਪਰ ਕਦੇ-ਕਦੇ ਗਲਤੀਆਂ ਹੋ ਜਾਂਦੀਆਂ ਹਨ। EPFNA ਸਿਰਫ ਨਿਊਨਤਮ ਮਿਆਰ ਦੱਸਦਾ ਹੈ। ਰੁਜ਼ਗਾਰ ਸਬੰਧੀ ਇਕਰਾਰਨਾਮੇ, ਸਮੂਹਕ ਸਮਝੌਤੇ, ਆਮ ਕਾਨੂੰਨ ਜਾਂ ਕਿਸੇ ਦੂਜੇ ਕਾਨੂੰਨ ਮੁਤਾਬਕ ਕੁਝ ਕਰਮਚਾਰੀਆਂ ਦੇ ਵਾਧੂ ਹੱਕ ਹੋ ਸਕਦੇ ਹਨ। ਚੰਗਾ ਹੋਵੇ ਜੇ ਕਰਮਚਾਰੀ ਅਤੇ ਰੁਜ਼ਗਾਰਦਾਤਾ ਕਾਨੰਨੀ ਸਲਾਹ ਪ੍ਰਾਪਤ ਕਰਨ।

*ਵਿਦੇਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਾਨੂੰਨ, 2009* (Employment Protection for Foreign Nationals Act, 2009) (EPFNA) ਉਹਨਾਂ ਵਿਦੇਸ਼ੀ ਨਾਗਰਿਕਾਂ 'ਤੇ ਲਾਗੂ ਹੁੰਦਾ ਹੈ ਜੋ ਕਿਸੇ ਇਮੀਗ੍ਰੇਸ਼ਨ ਜਾਂ ਆਰਜ਼ੀ ਵਿਦੇਸ਼ੀ ਕਰਮਚਾਰੀ ਪ੍ਰੋਗਰਾਮ ਦੇ ਤਹਿਤ ਓਨਟਾਰਿਓ ਵਿੱਚ ਕੰਮ ਕਰ ਰਹੇ ਹਨ ਜਾਂ ਕੰਮ ਕਰਨਾ ਚਾਹ ਰਹੇ ਹਨ। ਉਦਾਹਰਨ ਲਈ, ਜੇ ਤੁਸੀਂ ਫੈਡਰਲ *ਆਰਜ਼ੀ ਵਿਦੇਸ਼ੀ ਵਰਕਰ ਪ੍ਰੋਗਰਾਮ* (Temporary Foreign Worker Program) ਦੇ ਤਹਿਤ ਓਨਟਾਰਿਓ ਵਿੱਚ ਕੰਮ ਕਰ ਰਹੇ ਹੋ ਜਾਂ ਕੰਮ ਲੱਭ ਰਹੇ ਹੋ ਤਾਂ ਸ਼ਾਇਦ EPFNA ਤੁਹਾਡੇ 'ਤੇ ਲਾਗੂ ਹੋਵੇਗਾ।

ਇਸ ਜਾਣਕਾਰੀ ਪੱਤਰ ਵਿੱਚ EPFNA ਦੇ ਤਹਿਤ ਤੁਹਾਡੇ ਹੱਕਾਂ ਦਾ ਸੰਖੇਪ ਵੇਰਵਾ ਦਿੱਤਾ ਗਿਆ ਹੈ। ਓਨਟਾਰਿਓ ਵਿੱਚ ਕੰਮ ਕਰ ਰਹੇ ਵਿਦੇਸ਼ੀ ਨਾਗਰਿਕ ਵਜੋਂ ਆਮ ਤੌਰ 'ਤੇ *ਰੁਜ਼ਗਾਰ ਮਿਆਰ ਕਾਨੂੰਨ, 2000* (Employment Standards Act, 2000) (ESA) ਦੇ ਤਹਿਤ ਵੀ ਤੁਹਾਡੇ ਹੱਕ ਹੋਣਗੇ। ESA ਹੇਠ ਅਜਿਹੇ ਮਿਆਰ ਹਨ, ਜਿਵੇਂ ਘੱਟੋ-ਘੱਟ ਵੇਤਨ ਅਤੇ ਕੰਮ ਦੇ ਘੰਟਿਆਂ ਦੀਆਂ ਸੀਮਾਵਾਂ। EPFNA ਹੇਠ ਆਉਣ ਵਾਲੇ ਕਰਮਚਾਰੀਆਂ ਨੂੰ ਇਸ ਦਸਤਾਵੇਜ਼ ਦੇ ਨਾਲ ਨਾਲ ESA ਦੇ ਤਹਿਤ ਹੱਕਾਂ ਬਾਰੇ ਜਾਣਕਾਰੀ ਪੱਤਰ ਪ੍ਰਾਪਤ ਕਰਨ ਦਾ ਹੱਕ ਹੈ।

## ਦੂਜੀਆਂ ਭਾਸ਼ਾਵਾਂ

ਜੇ ਤੁਹਾਡੀ ਮੁੱਖ ਭਾਸ਼ਾ ਅੰਗਰੇਜ਼ੀ ਨਹੀਂ ਹੈ ਤਾਂ ਤੁਹਾਡੇ ਰੁਜ਼ਗਾਰਦਾਤਾ ਜਾਂ ਭਰਤੀਕਰਤਾ ਲਈ ਇਹ ਪਤਾ ਲਗਾਉਣਾ ਜ਼ਰੂਰੀ ਹੈ ਕਿ ਇਹ ਜਾਣਕਾਰੀ ਤੁਹਾਡੀ ਮੁੱਖ ਭਾਸ਼ਾ ਵਿੱਚ ਕਿਰਤ ਮੰਤਰਾਲੇ ਕੋਲ ਉਪਲਬਧ ਹੈ ਜਾਂ ਨਹੀਂ, ਅਤੇ ਜੇ ਇਹ ਉਪਲਬਧ ਹੈ, ਤਾਂ ਇਹ ਅਨੁਵਾਦ ਵੀ ਤੁਹਾਨੂੰ ਮੁਹੱਈਆ ਕਰਾਉਣਾ ਜ਼ਰੂਰੀ ਹੈ। ਹੋਰ ਜਾਣਕਾਰੀ ਲਈ ਕਿਰਪਾ ਕਰਕੇ Ontario.ca/EPFNA 'ਤੇ ਜਾਓ।

## ਭਰਤੀਕਰਤਾ ਤੁਹਾਡੇ ਕੋਲੋਂ ਕੋਈ ਫੀਸ ਨਹੀਂ ਲੈ ਸਕਦਾ

ਭਰਤੀਕਰਤਾ ਕੋਈ ਵੀ ਅਜਿਹਾ ਵਿਅਕਤੀ ਹੈ ਜੋ ਤੁਹਾਡੇ ਲਈ ਰੁਜ਼ਗਾਰ ਲੱਭਦਾ ਹੈ ਜਾਂ ਲੱਭਣ ਦੀ ਕੋਸ਼ਿਸ਼ ਕਰਦਾ ਹੈ, ਤੁਹਾਡੇ ਲਈ ਰੁਜ਼ਗਾਰ ਲੱਭਣ ਵਿੱਚ ਕਿਸੇ ਹੋਰ ਵਿਅਕਤੀ ਦੀ ਮਦਦ ਕਰਦਾ ਹੈ ਜਾਂ ਓਨਟਾਰਿਓ ਵਿੱਚ ਤੁਹਾਡੇ ਲਈ ਕੰਮ ਲੱਭਣ ਵਿੱਚ ਮਦਦ ਕਰਨ ਲਈ ਤੁਹਾਨੂੰ ਕਿਸੇ ਹੋਰ ਵਿਅਕਤੀ ਕੋਲ ਭੇਜਦਾ ਹੈ। ਭਰਤੀਕਰਤਾ ਤੁਹਾਨੂੰ ਪ੍ਰਦਾਨ ਕੀਤੀ ਗਈ ਕਿਸੇ ਸੇਵਾ, ਉਪਕਾਰ ਜਾਂ ਲਾਭ ਲਈ ਤੁਹਾਡੇ ਕੋਲੋਂ ਫੀਸ ਨਹੀਂ ਲੈ ਸਕਦਾ। ਉਦਾਹਰਨ ਲਈ, ਉਹ ਤੁਹਾਡੇ ਲਈ ਕੰਮ ਲੱਭਣ ਲਈ, ਤੁਹਾਡੇ *ਲੇਬਰ ਮਾਰਕੀਟ ਪ੍ਰਭਾਵ ਮੁਲਾਂਕਣ* (Labour Market Impact Assessment) (LMIA) ਲਈ ਜਾਂ ਓਨਟਾਰਿਓ ਵਿੱਚ ਕੰਮ ਸ਼ੁਰੂ ਕਰਨ ਲਈ ਲੋੜੀਂਦੀ ਕਿਸੇ ਹੋਰ ਚੀਜ਼ ਲਈ ਤੁਹਾਡੇ ਕੋਲੋਂ ਫੀਸ ਨਹੀਂ ਲੈ ਸਕਦਾ। ਮੁੱਢਲੀ ਜਾਣ ਪਛਾਣ, ਸੰਖੇਪ ਜੀਵਨ ਬਿਰਤਾਂਤ (ਰਿਜ਼ਿਊਮੇ) ਲਿਖਣ,

Ontario

ਇੰਟਰਵਿਊ ਦੀ ਤਿਆਰੀ ਜਾਂ ਫਸਟ ਏਡ ਸਿਖਲਾਈ ਸੈਸ਼ਨਾਂ ਵਰਗੀਆਂ ਵਾਧੂ ਸੇਵਾਵਾਂ ਲਈ, ਤਾਂ ਵੀ ਜੇ ਉਹ ਚੋਣਵੀਆਂ ਹਨ, ਤੁਹਾਡੇ ਕੋਲੋਂ ਕੋਈ ਫੀਸ ਨਹੀਂ ਲਈ ਜਾ ਸਕਦੀ। ਇਸ ਦੇ ਇਲਾਵਾ, ਭਰਤੀਕਰਤਾ ਵਲੋਂ ਕੰਮ ਕਰਨ ਵਾਲਾ ਕੋਈ ਵਿਅਕਤੀ ਵੀ ਤੁਹਾਡੇ ਕੋਲੋਂ ਇਹਨਾਂ ਵਿਚੋਂ ਕੋਈ ਫੀਸ ਨਹੀਂ ਲੈ ਸਕਦਾ।

## ਤੁਹਾਡਾ ਰੁਜ਼ਗਾਰਦਾਤਾ ਤੁਹਾਡੇ ਕੋਲੋਂ ਨੌਕਰੀ 'ਤੇ ਰੱਖਣ ਦਾ ਖਰਚਾ ਨਹੀਂ ਲੈ ਸਕਦਾ (ਸੀਮਤ ਛੋਟਾਂ ਦੇ ਨਾਲ)

ਆਮ ਤੌਰ 'ਤੇ, ਜੇ ਤੁਹਾਡੇ ਰੁਜ਼ਗਾਰਦਾਤਾ ਨੇ ਤੁਹਾਨੂੰ ਨੌਕਰੀ 'ਤੇ ਰੱਖਣ ਲਈ ਕੋਈ ਫੀਸ ਦਿੱਤੀ ਸੀ ਜਾਂ ਕੋਈ ਹੋਰ ਖਰਚਾ ਕੀਤਾ ਸੀ ਤਾਂ ਉਹ ਇਹ ਖਰਚ ਤੁਹਾਡੇ ਕੋਲੋਂ ਨਹੀਂ ਲੈ ਸਕਦਾ ਅਤੇ ਨਾ ਹੀ ਤੁਹਾਡੇ ਵੇਤਨ ਵਿਚੋਂ ਕੱਟ ਸਕਦਾ ਹੈ। ਇਸ ਵਿੱਚ ਕੰਮ ਨਾਲ ਜੁੜੇ ਉਹ ਖਰਚੇ ਅਤੇ ਫੀਸਾਂ ਸ਼ਾਮਲ ਹਨ ਜੋ ਤੁਹਾਡੇ ਕੋਲੋਂ ਭਰਤੀਕਰਤਾ ਨਹੀਂ ਮੰਗ ਸਕਦਾ, ਜਿਵੇਂ ਕਿ ਤੁਹਾਡੇ LMIA ਲਈ। ਪਰ ਜੇ ਤੁਹਾਨੂੰ ਫੈਡਰਲ ਸਰਕਾਰ ਦੇ *ਮੌਸਮੀ ਖੇਤੀ-ਬਾੜੀ ਵਰਕਰ ਪ੍ਰੋਗਰਾਮ* (Seasonal Agricultural Worker Program) (SAWP) ਦੇ ਤਹਿਤ ਕੰਮ ਦਿੱਤਾ ਗਿਆ ਹੈ ਤਾਂ ਤੁਹਾਡਾ ਰੁਜ਼ਗਾਰਦਾਤਾ ਹਵਾਈ ਸਫਰ ਦੇ ਖਰਚੇ ਅਤੇ ਕੰਮ ਦੇ ਪਰਮਿਟਾਂ ਦੇ ਖਰਚੇ ਕੱਟ ਸਕਦਾ ਹੈ ਜੇ ਇਹਨਾਂ ਨੂੰ ਕੱਟਣ ਦੀ ਇਜਾਜ਼ਤ SAWP ਦੇ ਰੁਜ਼ਗਾਰ ਸਬੰਧੀ ਇਕਰਾਰਨਾਮੇ ਵਿੱਚ ਹੈ।

## ਤੁਹਾਡਾ ਭਰਤੀਕਰਤਾ ਜਾਂ ਰੁਜ਼ਗਾਰਦਾਤਾ ਤੁਹਾਡੀ ਸੰਪਤੀ ਨਹੀਂ ਲੈ ਸਕਦਾ

ਤੁਹਾਡਾ ਭਰਤੀਕਰਤਾ, ਤੁਹਾਡਾ ਰੁਜ਼ਗਾਰਦਾਤਾ ਜਾਂ ਇਹਨਾਂ ਵਲੋਂ ਕੰਮ ਕਰ ਰਿਹਾ ਕੋਈ ਵਿਅਕਤੀ ਕਿਸੇ ਵੀ ਕਾਰਨ ਕਰਕੇ ਤੁਹਾਡੀ ਸੰਪਤੀ ਨਹੀਂ ਲੈ ਸਕਦਾ ਅਤੇ ਨਾ ਹੀ ਉਸਨੂੰ ਆਪਣੇ ਕੋਲ ਰੱਖ ਸਕਦਾ ਹੈ। ਇਸ ਵਿੱਚ ਤੁਹਾਡਾ ਪਾਸਪੋਰਟ ਅਤੇ ਵਰਕ ਪਰਮਿਟ ਵਰਗੇ ਦਸਤਾਵੇਜ਼ ਵੀ ਸ਼ਾਮਲ ਹਨ।

## ਤੁਸੀਂ ਆਪਣੇ ਹੱਕ ਛੱਡਣ ਲਈ ਸਹਿਮਤੀ ਨਹੀਂ ਦੇ ਸਕਦੇ

ਤੁਸੀਂ ਆਪਣੇ ਭਰਤੀਕਰਤਾ, ਤੁਹਾਡੇ ਰੁਜ਼ਗਾਰਦਾਤਾ ਜਾਂ ਤੁਹਾਡੇ ਭਰਤੀਕਰਤਾ ਜਾਂ ਰੁਜ਼ਗਾਰਦਾਤਾ ਵਲੋਂ ਕੰਮ ਕਰ ਰਹੇ ਕਿਸੇ ਵਿਅਕਤੀ ਨਾਲ EPFNA ਤਹਿਤ ਆਪਣੇ ਕਿਸੇ ਹੱਕ ਨੂੰ ਛੱਡਣ ਬਾਰੇ ਕੋਈ ਸਮਝੌਤਾ ਜਾਂ ਇਕਰਾਰਨਾਮਾ ਨਹੀਂ ਕਰ ਸਕਦੇ। ਕੋਈ ਵੀ ਅਜਿਹਾ ਸਮਝੌਤਾ ਅਵੈਧ ਹੋਵੇਗਾ। ਉਦਾਹਰਨ ਲਈ, ਜੇ ਤੁਸੀਂ ਕਿਸੇ ਭਰਤੀਕਰਤਾ ਨਾਲ ਸਮਝੌਤਾ ਕਰਦੇ ਹੋ ਜਿਸ ਵਿੱਚ ਤੁਸੀਂ ਉਸਨੂੰ ਭਰਤੀ ਫੀਸ ਲੈਣ ਦੀ ਇਜਾਜ਼ਤ ਦਿੰਦੇ ਹੋ ਤਾਂ ਇਹ ਸਮਝੌਤਾ ਅਵੈਧ ਹੋਵੇਗਾ।

## ਆਪਣੇ ਹੱਕਾਂ ਬਾਰੇ ਪੁੱਛਣ ਜਾਂ ਉਹਨਾਂ ਦੀ ਵਰਤੋਂ ਕਰਨ 'ਤੇ ਤੁਹਾਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ

ਜੇ ਤੁਸੀਂ ESA ਜਾਂ EPFNA ਦੇ ਤਹਿਤ ਆਪਣੇ ਹੱਕਾਂ ਬਾਰੇ ਪੁੱਛਦੇ ਹੋ ਜਾਂ ਉਹਨਾਂ ਦੀ ਮੰਗ ਕਰਦੇ ਹੋ ਤਾਂ ਤੁਹਾਡਾ ਭਰਤੀਕਰਤਾ, ਰੁਜ਼ਗਾਰਦਾਤਾ ਜਾਂ ਉਹਨਾਂ ਦੇ ਵੱਲੋਂ ਕੰਮ ਕਰ ਰਿਹਾ ਕੋਈ ਵੀ ਵਿਅਕਤੀ ਤੁਹਾਨੂੰ ਕਿਸੇ ਵੀ ਤਰੀਕੇ ਦੀ ਸਜ਼ਾ ਨਹੀਂ ਦੇ ਸਕਦਾ, ਜਿਸ ਵਿੱਚ ਤੁਹਾਡੀ ਨੌਕਰੀ ਨੂੰ ਖਤਮ ਕਰਨਾ ਵੀ ਸ਼ਾਮਲ ਹੈ।

ਰੁਜ਼ਗਾਰਦਾਤਾਵਾਂ/ਭਰਤੀ ਕਰਨ ਵਾਲਿਆਂ ਨੂੰ *ਕਿਸੇ ਵੀ ਤਰ੍ਹਾਂ ਨਾਲ* ਕਰਮਚਾਰੀਆਂ/ਵਿਦੇਸ਼ੀ ਨਾਗਰਿਕਾਂ 'ਤੇ ਹੇਠਾਂ ਲਿਖੇ ਲਈ ਜੁਰਮਾਨਾ ਲਗਾਉਣ ("ਬਦਲੇ ਦੀ ਕਾਰਵਾਈ ਕਰਨ") ਦੀ ਮਨਾਹੀ ਹੈ:

- ਕਿਸੇ ਵੀ ਵਿਅਕਤੀ ਨੂੰ *ਵਿਦੇਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਾਨੂੰਨ, 2009 (Employment Protection for Foreign Nationals Act, 2009)* ਦੀ ਪਾਲਣਾ ਕਰਨ ਲਈ ਕਹਿਣਾ,
- *ਵਿਦੇਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਾਨੂੰਨ, 2009 (Employment Protection for Foreign Nationals Act, 2009)* ਦੇ ਅਧੀਨ ਹੱਕਾਂ ਬਾਰੇ ਪ੍ਰਸ਼ਨ ਪੁੱਛਣੇ
- *ਵਿਦੇਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਾਨੂੰਨ, 2009 (Employment Protection for Foreign Nationals Act, 2009)* ਦੇ ਤਹਿਤ ਕੋਈ ਸ਼ਿਕਾਇਤ ਦਰਜ ਕਰਨੀ
- *ਵਿਦੇਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਾਨੂੰਨ, 2009 (Employment Protection for Foreign Nationals Act, 2009)* ਦੇ ਤਹਿਤ ਅਧਿਕਾਰ ਦੀ ਵਰਤੋਂ ਕਰਨੀ ਜਾਂ ਵਰਤਣ ਦੀ ਕੋਸ਼ਿਸ਼ ਕਰਨੀ, ਜਾਂ
- ਕਿਸੇ ਰੁਜ਼ਗਾਰ ਮਿਆਰਾਂ ਦੇ ਅਫਸਰ ਨੂੰ ਜਾਣਕਾਰੀ ਦੇਣੀ
- *ਵਿਦੇਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਾਨੂੰਨ 2009 (Employment Protection for Foreign Nationals Act, 2009)* ਦੇ ਤਹਿਤ ਕਿਸੇ ਕਾਰਵਾਈ ਵਿੱਚ ਹਿੱਸਾ ਲੈਣਾ

ਜੇ *ਵਿਦੇਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਾਨੂੰਨ, 2009 (Employment Protection for Foreign Nationals Act, 2009)* ਦੇ ਤਹਿਤ ਕਵਰ ਕੀਤਾ ਕੋਈ ਵਿਦੇਸ਼ੀ ਨਾਗਰਿਕ ਉੱਪਰ ਵਰਣਨ ਕੀਤਾ ਕੋਈ ਵੀ ਕੰਮ ਕਰਦਾ ਹੈ, ਤਾਂ ਕੋਈ ਰੁਜ਼ਗਾਰਦਾਤਾ ਜਾਂ ਭਰਤੀ ਕਰਨ ਵਾਲਾ ***ਉਸ ਕਾਰਨ ਕਰਕੇ ਹੇਠਾਂ ਦਿੱਤੇ ਕੰਮ ਨਹੀਂ ਕਰ ਸਕਦਾ ਹੈ:***

- ਕਰਮਚਾਰੀ ਨੂੰ ਨੌਕਰੀ ਤੋਂ ਕੱਢਣਾ,
- ਕਰਮਚਾਰੀ ਦੀ ਤਨਖਾਹ ਨੂੰ ਘਟਾਉਣਾ,
- ਕਰਮਚਾਰੀ ਨੂੰ ਮੁਅੱਤਲ ਕਰਨਾ,
- ਕਰਮਚਾਰੀ/ਵਿਦੇਸ਼ੀ ਨਾਗਰਿਕ ਨੂੰ ਸਜ਼ਾ ਦੇਣੀ,
- ਕਰਮਚਾਰੀ/ਵਿਦੇਸ਼ੀ ਨਾਗਰਿਕ ਨੂੰ ਧਮਕਾਉਣਾ,
- ਕਰਮਚਾਰੀ/ਵਿਦੇਸ਼ੀ ਨਾਗਰਿਕ ਨੂੰ ਕਿਸੇ ਹੋਰ ਤਰੀਕੇ ਨਾਲ ਸਜ਼ਾ ਦੇਣੀ,
- ਵਿਦੇਸ਼ੀ ਨਾਗਰਿਕ ਲਈ ਰੁਜ਼ਗਾਰ ਲੱਭਣ ਦੀ ਕੋਸ਼ਿਸ਼ ਕਰਨ ਤੋਂ ਇਨਕਾਰ ਕਰਨਾ, ਜਾਂ

ਇਹਨਾਂ ਵਿੱਚੋਂ ਕਿਸੇ ਵੀ ਕਾਰਵਾਈ ਦੀ ਧਮਕੀ ਦੇਣੀ।

## ਰੁਜ਼ਗਾਰ ਮਿਆਰ ਅਧਿਕਾਰੀ ਦੀਆਂ ਸ਼ਕਤੀਆਂ

ਜੇ ਪਤਾ ਲੱਗਦਾ ਹੈ ਕਿ ਕਿਸੇ ਰੁਜ਼ਗਾਰਦਾਤਾ ਨੇ ਉੱਪਰ ਦਿੱਤੇ ਗਏ ਕਾਰਨਾਂ ਵਿੱਚੋਂ ਕਿਸੇ ਵੀ ਕਰਕੇ ਕਿਸੇ ਵਿਦੇਸ਼ੀ ਨਾਗਰਿਕ ਨੂੰ ਸਜ਼ਾ ਦਿੱਤੀ ਹੈ, ਤਾਂ ਰੁਜ਼ਗਾਰ ਮਿਆਰ ਅਧਿਕਾਰੀ ਕੋਲ ਰੁਜ਼ਗਾਰਦਾਤਾ ਨੂੰ ਇਹ ਆਦੇਸ਼ ਦੇਣ ਦੀ ਸ਼ਕਤੀ ਹੈ ਕਿ ਕਰਮਚਾਰੀ ਨੂੰ ਉਸਦੀ ਨੌਕਰੀ 'ਤੇ ਬਹਾਲ ਕੀਤਾ ਜਾਵੇ ਅਤੇ/ਜਾਂ ਸਜ਼ਾ ਦੇ ਕਾਰਨ ਹੋਏ ਕਿਸੇ ਵੀ ਨੁਕਸਾਨ ਲਈ ਕਰਮਚਾਰੀ ਨੂੰ ਮੁਆਵਜ਼ਾ ਦਿੱਤਾ ਜਾਵੇ।

ਜੇ ਪਤਾ ਲੱਗਦਾ ਹੈ ਕਿ ਕਿਸੇ ਭਰਤੀ ਕਰਨ ਵਾਲੇ ਨੇ ਉੱਪਰ ਦਿੱਤੇ ਗਏ ਕਾਰਨਾਂ ਵਿੱਚੋਂ ਕਿਸੇ ਵੀ ਕਰਕੇ ਕਿਸੇ ਵਿਦੇਸ਼ੀ ਨਾਗਰਿਕ ਨੂੰ ਸਜ਼ਾ ਦਿੱਤੀ ਹੈ, ਤਾਂ ਰੁਜ਼ਗਾਰ ਮਿਆਰ ਅਧਿਕਾਰੀ ਕੋਲ ਰੁਜ਼ਗਾਰਦਾਤਾ ਨੂੰ ਇਹ ਆਦੇਸ਼ ਦੇਣ ਦੀ ਸ਼ਕਤੀ ਹੈ ਕਿ ਉਲੰਘਣਾ ਦੇ ਕਾਰਨ ਹੋਏ ਕਿਸੇ ਵੀ ਨੁਕਸਾਨ ਲਈ ਕਰਮਚਾਰੀ ਨੂੰ ਮੁਆਵਜ਼ਾ ਦਿੱਤਾ ਜਾਵੇ।

## ਜੇ ਤੁਸੀਂ ਕੁਝ ਪੁਛਣਾ ਚਾਹੁੰਦੇ ਹੋ ਜਾਂ ਕਲੇਮ ਦਰਜ ਕਰਨਾ ਚਾਹੁੰਦੇ ਹੋ

ਜੇ EPFNA ਦੇ ਬਾਰੇ ਤੁਹਾਡੇ ਮਨ ਵਿੱਚ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ Ontario.ca/EPFNA 'ਤੇ ਜਾਓ ਜਾਂ *ਰੁਜ਼ਗਾਰ ਮਿਆਰ ਜਾਣਕਾਰੀ ਕੇਂਦਰ* (Employment Standards Information Centre) ਨਾਲ (416) 326-7160 (ਟੌਲ-ਫ੍ਰੀ 1-800-531-5551) ਤੇ, ਜਾਂ ਸੁਣਨ ਸਬੰਧੀ ਵਿਕਾਰ ਵਾਲੇ ਲੋਕ TTY 1-866-567-8893 'ਤੇ ਸੰਪਰਕ ਕਰੋ। ਜਾਣਕਾਰੀ ਕਈ ਭਾਸ਼ਾਵਾਂ ਵਿੱਚ ਉਪਲਬਧ ਹੈ।

ਜੇ ਤੁਸੀਂ ਸੋਚਦੇ ਹੋ ਕਿ EPFNA ਦੇ ਤਹਿਤ ਤੁਹਾਨੂੰ ਤੁਹਾਡੇ ਹੱਕ ਨਹੀਂ ਮਿਲੇ ਹਨ ਅਤੇ ਆਪਣਾ ਕਲੇਮ ਕਿਰਤ ਮੰਤਰਾਲੇ (Ministry of Labour) ਵਿਖੇ ਦਰਜ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਇਹ ਕੰਮ Ontario.ca/EPFNA 'ਤੇ ਕਰ ਸਕਦੇ ਹੋ।

EPFNA ਦੇ ਤਹਿਤ ਆਪਣੇ ਹੱਕਾਂ ਲਈ ਦਾਅਵਾ ਕਰਨ ਲਈ ਤੁਹਾਡੇ ਕੋਲ ਸਾਢੇ ਤਿੰਨ ਸਾਲ ਦਾ ਸਮਾਂ ਹੈ। EPFNA ਦੇ ਤਹਿਤ ਜਾਰੀ ਕੀਤੇ ਗਏ ਆਰਡਰ ਰਾਹੀਂ ਵਸੂਲ ਕੀਤੀ ਜਾ ਸਕਣ ਵਾਲੀ ਰਕਮ ਦੀ ਕੋਈ ਸੀਮਾ ਨਹੀਂ ਹੈ।

ਕਿਰਪਾ ਕਰਕੇ ਨੋਟ ਕਰੋ ਕਿ ESA ਅਤੇ EPFNA ਦੇ ਤਹਿਤ ਕਲੇਮ ਦਰਜ ਕਰਨ ਲਈ ਵੱਖ-ਵੱਖ ਸਮਾਂ ਸੀਮਾਵਾਂ ਹਨ। **ESA ਅਤੇ EPFNA ਦੇ ਤਹਿਤ ਕਲੇਮ ਦਰਜ ਕਰਨ ਲਈ ਵੱਖ-ਵੱਖ ਫਾਰਮ ਹਨ।**

ESA ਦੇ ਤਹਿਤ ਆਪਣੇ ਹੱਕਾਂ ਬਾਰੇ ਅਤੇ ESA ਦੇ ਤਹਿਤ ਆਪਣਾ ਕਲੇਮ ਦਰਜ ਕਰਨ ਬਾਰੇ ਹੋਰ ਜਾਣਕਾਰੀ ਲੈਣ ਲਈ ਕਿਰਪਾ ਕਰਕੇ *ਰੁਜ਼ਗਾਰ ਮਿਆਰ ਕਾਨੂੰਨ 2000 ਦੇ ਲਈ ਤੁਹਾਡੀ ਗਾਈਡ (Your Guide to the Employment Standards Act, 2000)* ਦੇਖੋ ਜੋ Ontario.ca/ESAguide ਵਿਖੇ ਉਪਲਬਧ ਹੈ।